# ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:, ਫੇਜ਼-8 ਐਸ.ਏ.ਐਸ.ਨਗਰ, ਮੁਹਾਲੀ

ਫੋਨ ਨੰਬਰ: 0172-2212221

ਵੱਲ (ਨੋਟਿਸ ਬੋਰਡ ਅਤੇ ਵੈਬਸਾਇਟ ਰਾਹੀਂ)

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.),
ਸਮੂਹ ਨੋਡਲ ਅਫਸਰ (PSTSE), ਸਮੂਹ ਸਕੂਲ ਮੁੱਖੀ
ਪੰਜਾਬ।

ਮੀਮੋ ਨੰ: SCERT-SDP/01/18/2020-SDP-SCERT/85420)10
ਮਿਤੀ: ਐਸ.ਏ.ਐਸ.ਨਗਰ, 31-8-2021

ਵਿਸ਼ਾ:- ਪੰਜਾਬ ਰਾਜ ਨਿਪੁਨੰਤਾ ਖੋਜ਼ ਪ੍ਰੀਖਿਆ (PSTSE-2020) ਕਲਾਸ 8ਵੀ ਦਾ ਰਿਵਾਈਜ਼ਡ ਨਤੀਜਾ ਘੋਸ਼ਿਤ ਕਰਨ ਸਬੰਧੀ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ PSTSE ਪ੍ਰੀਖਿਆ ਸਾਲ 2020 (ਕਲਾਸ 8ਵੀਂ) ਜੋ ਕਿ 03-01-2021 ਨੂੰ ਰਾਜ ਵਿੱਚ ਸਮੂਹ ਜ਼ਿਲ੍ਹਿਆਂ ਵਿੱਚ ਤਹਿਸੀਲ ਪੱਧਰ ਤੇ ਕਰਵਾਈ ਗਈ ਸੀ, ਦਾ ਨਤੀਜਾ ਮਿਤੀ 23-7-2021 ਨੂੰ ਘੋਸ਼ਿਤ ਕੀਤਾ ਗਿਆ ਸੀ।

3.0 ਮਿਤੀ 23-7-2021 ਨੂੰ ਘੋਸ਼ਿਤ ਕੀਤੇ ਰਿਜਲਟ ਵਿੱਚ ਵਿਦਿਆਰਥੀਆਂ ਦੇ ਵੇਰਵੇ ਅਤੇ ਰੋਲ ਨੰਬਰਾਂ ਵਿੱਚ ਅੰਤਰ ਹੋਣ ਕਾਰਨ ਪੰਜਾਬ ਰਾਜ ਨਿਪੁਨੰਤਾ ਖੋਜ਼ ਪ੍ਰੀਖਿਆ (PSTSE-2020) ਕਲਾਸ 8ਵੀ ਦਾ ਨਤੀਜਾ ਦੁਬਾਰਾ ਤੋਂ ਤਿਆਰ ਕੀਤਾ ਗਿਆ ਹੈ। ਦੁਬਾਰਾ ਤੋਂ ਤਿਆਰ ਕੀਤੇ ਨਤੀਜੇ ਦੀ ਮੈਰਿਟ ਪ੍ਰਾਪਤ ਕਰਨ ਵਾਲੇ ਕੁੱਲ 500 ਵਿਦਿਆਰਥੀਆਂ ਦਾ ਨਤੀਜਾ ਨਾਲ ਨੱਥੀ ਕੀਤਾ ਜਾ ਰਿਹਾ ਹੈ।

4.0 ਇਸ ਪੱਤਰ ਨਾਲ ਨੱਥੀ ਯੋਗ 500 ਵਿਦਿਆਰਥੀ, ਜੋ ਮੈਰਿਟ ਵਿੱਚ ਆਏ ਹਨ, ਓਹੀ ਸਾਲ 2022-23 ਦੌਰਾਨ ਵਜੀਫਾ ਪ੍ਰਾਪਤ ਕਰਨ ਦੇ ਹੱਕਦਾਰ ਹੋਣਗੇ।

5.0 ਇਸ ਪੱਤਰ ਨਾਲ ਪੰਜਾਬ ਰਾਜ ਨਿਪੁਨੰਤਾ ਖੋਜ਼ ਪ੍ਰੀਖਿਆ (PSTSE-2020) ਕਲਾਸ 8ਵੀ ਵਿੱਚ ਅਪੀਅਰ ਹੋਏ ਸਾਰੇ ਵਿਦਿਆਰਥੀਆਂ ਦਾ ਨਤੀਜਾ ਵੀ ਨੱਥੀ ਕੀਤਾ ਜਾਂਦਾ ਹੈ। ਪ੍ਰੰਤੂ ਇਹ ਨਤੀਜਾ ਸਿਰਫ ਸਕੂਲਾਂ ਅਤੇ ਵਿਦਿਆਰਥੀਆਂ ਲਈ ਆਪਣਾ ਰਿਜਲਟ ਪਤਾ ਕਰਨ ਦੇ ਸਬੰਧ ਵਿੱਚ ਅਪਲੋਡ ਕੀਤਾ ਜਾ ਰਿਹਾ ਹੈ। ਪੂਰੇ ਨਤੀਜੇ ਵਿੱਚ ਦਰਸਾਏ ਗਏ ਸਾਰੇ ਵਿਦਿਆਰਥੀ ਵਜੀਫਾ ਪ੍ਰਾਪਤ ਕਰਨ ਦੇ ਹੱਕਦਾਰ ਨਹੀਂ ਹੋਣਗੇ।

6.0 ਇਸ ਪ੍ਰੀਖਿਆ ਦੇ ਪੂਰੇ ਰਿਜਲਟ ਵਿੱਚ ਜਿਨ੍ਹਾਂ ਵਿਦਿਆਰਥੀਆਂ ਵੱਲੋਂ OMR Sheet ਵਿੱਚ ਆਪਣਾ ਰੋਲ ਨੰਬਰ ਗਲਤ ਭਰਿਆ ਗਿਆ ਹੈ, ਭਾਵ ਗੋਲੇ ਗਲਤ ਕਾਲੇ ਕੀਤੇ ਗਏ ਹਨ ਜਾਂ ਗੋਲੇ light ਕਾਲੇ ਕੀਤੇ ਹਨ ਜਾਂ ਗੋਲੇ properly ਕਾਲੇ ਨਹੀਂ ਕੀਤੇ ਗਏ ਹਨ ਜਾਂ ਫਿਰ ਅਜਿਹੇ ਗੋਲੇ ਕਾਲੇ ਕੀਤੇ ਗਏ ਹਨ, ਜਿਸ ਅਨੁਸਾਰ ਬਣਦਾ ਰੋਲ ਨੰਬਰ ਅਸਲ ਵਿੱਚ ਕਿਸੇ ਵੀ ਵਿਦਿਆਰਥੀ ਨੂੰ ਅਲਾਟ

ਨਹੀਂ ਕੀਤਾ ਗਿਆ ਜਾਂ ਫਿਰ ਰੋਲ ਨੰਬਰ ਵਿੱਚ White Fluid ਦੀ ਵਰਤੋਂ ਕੀਤੀ ਗਈ ਹੈ, ਅਜਿਹੀ OMR Sheet ਨੂੰ scanner ਦੁਆਰਾ scan ਨਹੀਂ ਕੀਤਾ ਜਾ ਸਕਿਆ। ਇਸ ਲਈ ਅਜਿਹੇ ਵਿਦਿਆਰਥੀਆਂ ਦਾ ਰਿਜਲਟ ਬਣਾਇਆ ਗਿਆ ਹੈ, ਪ੍ਰੰਤੂ ਵਿਦਿਆਰਥੀ ਦਾ ਡਾਟਾ ਨਾ ਹੋਣ ਕਾਰਨ ਅਜਿਹੇ ਵਿਦਿਆਰਥੀਆਂ ਨੂੰ ਮੈਰਿਟ ਵਿੱਚ consider ਨਹੀ ਕੀਤਾ ਗਿਆ ਹੈ।

7.0 ਇਸੇ ਤਰ੍ਹਾ ਜਿਨ੍ਹਾਂ ਵਿਦਿਆਰਥੀਆਂ ਦੁਆਰਾ ਭਰੇ ਗਏ ਪ੍ਰਸ਼ਨਾਂ ਦੇ ਉੱਤਰਾਂ ਦੇ ਗੋਲੇ ਘੱਟ ਕਾਲੇ ਕੀਤੇ ਜਾਂ ਗਲਤ ਕਾਲੇ ਕੀਤੇ ਜਾਂ White Fluid ਦੀ ਵਰਤੋਂ ਕੀਤੀ ਜਾਂ ਇੱਕ ਪ੍ਰਸ਼ਨ ਦੇ ਦੋ ਗੋਲੇ ਕਾਲੇ ਕੀਤੇ ਗਏ ਹਨ ਉਨ੍ਹਾਂ ਨੂੰ scanner ਦੁਆਰਾ scan ਨਹੀਂ ਕੀਤਾ ਜਾ ਸਕਿਆ। ਇਸ ਲਈ ਅਜਿਹੇ ਵਿਦਿਆਰਥੀਆਂ ਨੂੰ ਰਿਜਲਟ ਵਿੱਚ consider ਨਹੀ ਕੀਤਾ ਗਿਆ ਹੈ।

ਨਾਲ ਨੱਥੀ:

1. ਮੈਰਿਟ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦਾ ਨਤੀਜਾ
2. PSTSE-2020 ਦਾ ਪੂਰਾ ਰਿਜਲਟ

ਡਾਇਰੈਕਟਰ
ਐਸ.ਸੀ.ਈ.ਆਰ.ਟੀ.,ਪੰਜਾਬ